This Question Paper consists of 24 questions and 8 printed pages.
ਇਸ ਪ੍ਰਸ਼ਨ ਪੱਤਰ ਵਿੱਚ 24 ਸੁਆਲ ਹਨ ਅਤੇ 8 ਛੱਪੇ ਹੋਏ ਪੰਨੇ ਹਨ ।

| Roll No. ਰੋਲ ਨੰ: ਅੰਕਾਂ ਵਿਚ | | | | | | | | | | | | | Code No. 63/SS/A/P ਕੋਡ ਨੰ. |
|---|---|---|---|---|---|---|---|---|---|---|---|---|---|

Set/ਸੈਟ - A

# PUNJABI

# ਪੰਜਾਬੀ

# (310)

Day and Date of Examination
ਪਰੀਖਿਆ ਦਾ ਦਿਨ ਅਤੇ ਮਿਤੀ ____________________

Signature of Invigilators
ਨਿਰੀਖਕਾਂ ਦੇ ਦਸਖ਼ਤ 1. ____________________

2. ____________________

## ਆਮ ਹਿਦਾਇਤਾਂ :-

1 ਪਰੀਖਿਆਰਥੀ ਪ੍ਰਸ਼ਨ ਪੱਤਰ ਦੇ ਮੁੱਖ ਪੰਨੇ ਉੱਤੇ ਆਪਣੇ ਰੋਲ ਨੰਬਰ ਜ਼ਰੂਰ ਲਿਖਣ ।

2 ਕ੍ਰਿਪਾ ਕਰਕੇ ਪ੍ਰਸ਼ਨ ਪੱਤਰ ਵੇਖ ਲਵੋ ਕਿ ਪ੍ਰਸ਼ਨ ਪੱਤਰ ਦੇ ਕੁੱਲ ਪੰਨੇ ਅਤੇ ਕੁੱਲ ਸੁਆਲ ਉਹੋ ਹੀ ਹਨ ਜਿਹੜੇ ਕਿ ਮੁੱਖ ਪੰਨੇ ਦੇ ਸਭ ਤੋਂ ਉੱਪਰ ਲਿਖੇ ਗਏ ਹਨ। ਇਹ ਵੀ ਵੇਖ ਲਵੋ ਕਿ ਸਾਰੇ ਸੁਆਲ ਕ੍ਰਮਵਾਰ ਲਿਖੇ ਹੋਏ ਹਨ ।

3 ਵਸਤੂਨਿਸ਼ਠ ਸੁਆਲਾਂ ਵਿੱਚ ਆਪਣੇ ਪ੍ਰਸ਼ਨ ਪੱਤਰ ਵਿੱਚ ਦਿੱਤੇ ਵਿਕਲਪਾਂ [(A), (B), (C) ਅਤੇ (D)] ਵਿਚੋਂ ਕੋਈ ਇੱਕ ਚੁਣਨਾ ਹੈ ਅਤੇ ਠੀਕ ਜੁਆਬ ਨੂੰ ਆਪਣੀ ਉੱਤਰ ਕਾਪੀ ਵਿੱਚ ਲਿਖਣਾ ਹੈ । ਬਹੁ ਵਿਕਲਪੀ ਸੁਆਲਾਂ ਲਈ ਕੋਈ ਫਾਲਤੂ ਸਮਾਂ ਨਹੀਂ ਮਿਲੇਗਾ ।

4 ਉੱਤਰ ਕਾਪੀ ਵਿੱਚ ਕੋਈ ਪਛਾਣ ਚਿੰਨ ਬਨਾਉਣਾ ਜਾਂ ਆਪਣਾ ਰੋਲ ਨੰਬਰ ਨਿਰਧਾਰਿਤ ਥਾਂ ਦੀ ਜਗ੍ਹਾ ਕਿਧਰੇ ਲਿਖਣਾ ਪਰੀਖਿਆਰਥੀ ਦੀ ਪਾਤਰਤਾ ਨੂੰ ਰੱਦ ਕਰਨ ਤੱਕ ਲੈ ਜਾਵੇਗਾ ।

5 ਆਪਣੇ ਪ੍ਰਸ਼ਨ ਪੱਤਰ ਦਾ ਕੋਡ ਨੰ. 63/SS/A/P ਸੈਟ - A ਉੱਤਰ ਕਾਪੀ ਵਿੱਚ ਲਿਖੋ ।



Unnati Educations
9899436384, 9654279279

# PUNJABI
# ਪੰਜਾਬੀ
# (310)

Time : **3** Hours ] [Maximum Marks : **100**

ਸਮਾਂ : 3 ਘੰਟੇ ] [ ਕੁਲ ਅੰਕਾਂ : 100

ਨੋਟ : (i) ਸਭ ਪ੍ਰਸ਼ਨਾਂ ਦੇ ਉੱਤਰ ਜ਼ਰੂਰੀ ਹਨ । ਅੰਕ ਪ੍ਰਸ਼ਨਾਂ ਦੇ ਸਾਹਮਣੇ ਦਿੱਤੇ ਗਏ ਹਨ ।

(ii) ਪ੍ਰਸ਼ਨ ਸੰਖਿਆ ਨੰਬਰ (24) ਦੇ ਦੋ ਵਿੱਕਲਪ ਹਨ । ਇਨ੍ਹਾਂ ਵਿੱਚੋਂ ਇੱਕ ਵਿੱਕਲਪ ਦੇ ਪ੍ਰਸ਼ਨਾਂ ਦੇ ਉੱਤਰ ਦੇਣੇ ਹਨ ।

(iii) ਲਿਖਾਈ ਸ਼ੁੱਧ, ਸੁੰਦਰ ਅਤੇ ਖੁੱਲੀ-ਖੁੱਲੀ ਕਰਨ ਦਾ ਯਤਨ ਕਰੋ ।

---

ਨੋਟ : ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਵਾਕ ਵਿੱਚ ਲਿਖੋ : **1×8=8**

**1** ਪੀਲੂ ਦੇ ਕਿੱਸੇ ਵਿੱਚ ਸਾਹਿਬਾਂ, ਸਿਰਜ਼ੇ ਨੂੰ ਬੱਕੀ(ਘੋੜੀ)ਰੋਕਣ ਲਈ ਕਿਉਂ ਕਹਿੰਦੀ ਹੈ ?

**2** 'ਭੂਆ' ਕਹਾਣੀ ਵਿੱਚ ਭੂਆਂ ਨੇ ਆਪਣੇ ਭਤੀਜੇ(ਲੇਖਕ)ਨੂੰ ਪਛਾਣਿਆਂ ਕਿਉਂ ਨਹੀਂ?

**3** ਪੇਮੀ ਦੇ ਨਿਆਣੇ ਕਹਾਣੀ ਵਿੱਚ ਭੈਣ ਅਨੁਸਾਰ 'ਵਾਹਿਗੁਰੂ' ਤੋਂ ਕੌਣ ਡਰਦਾ ਹੈ? ਕੌਣ ਨਹੀਂ।

**4** ਪਰਮੇਸ਼ਵਰ ਦੇ ਸੇਵਕ ਸਾਖੀ ਨਾਇਕ ਬਾਬੇ ਨਾਨਕ ਨੂੰ ਕਿੱਥੇ ਲੈ ਗਏ ?

**5** "ਭਾਈ ਘਨਹਈਆਂ ਇਕਾਂਗੀ" ਦਾ ਪਾਤਰ ਕਿਹੜੇ ਪ੍ਰਦੇਸ਼ ਦਾ ਰਹਿਣ ਵਾਲਾ ਸੀ?

ਇਹ ਸ਼ਬਦ ਸੁਣਕੇ ਗੁਰੂ ਗੋਬਿੰਦ ਸਿੰਘ ਜੀ ਨੇ ਕੀ ਕਿਹਾ ?

**6** 'ਸੁਹਾਗ' ਦੇ ਗੀਤ ਕਦੋਂ ਗਾਏ ਜਾਂਦੇ ਹਨ ?

**7** 'ਅਖਾਣ' ਕਿਹੋਂ ਜਿਹਾ ਵਾਕ ਸਮੂਹ ਹੈ ?

**8** ਪੰਜਾਬੀ ਭਾਸ਼ਾ ਦੀਆਂ ਕੋਈ ਤਿੰਨ ਉੱਪ-ਭਾਸ਼ਾਵਾਂ ਦੇ ਨਾਂ ਲਿਖੋ ।



Unnati Educations
9899436384, 9654279279

ਨੋਟ : ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰਾਂ ਲਈ ਸਹੀ ਵਿਕਲਪ ਚੁਣਕੇ ਆਪਣੀ ਉੱਤਰ ਪੁਸਤਕਾ ਵਿੱਚ ਲਿਖੋ : 1×10=10

9 ਉਹ ਵੰਝਲੀ ਗੁਆਚ ਗਈ ਜਿਸ ਵਿੱਚ ਗਈ ਜਿਸ ਵਿੱਚ ਫੂਕ ਵੱਜਦੀ ਸੀ:

(A) ਧਰਮ ਦੀ (B) ਸਿਆਸਤ ਦੀ

(C) ਪਿਆਰ ਦੀ (D) ਨਫ਼ਰਤ ਦੀ

10 ਫ਼ੀਰੋਜ਼ਦੀਨ ਸ਼ਰਫ਼ ਦੀ ਕਵਿਤਾ 'ਪੰਜਾਬ' ਵਿੱਚ ਜੇਹਲਮ ਕੀ ਹੈ?

(A) ਇੱਕ ਦੇਸ਼ ਦਾ ਨਾਂ (B) ਇੱਕ ਪੰਛੀ ਦਾ ਨਾਂ

(C) ਇੱਕ ਦਰਿਆ ਦਾ ਨਾਂ (D) ਇੱਕ ਕਿਤਾਬ ਦਾ ਨਾਂ

11 'ਪੇਮੀ ਦੇ ਨਿਆਣੇ' ਕਹਾਣੀ ਵਿੱਚ ਭੈਣ ਜੋ ਆਪਣੇ ਛੋਟੇ ਭਾਈ ਨੂੰ ਰਾਜੇ ਤੇ ਰਾਣੀ ਦੀ ਕਹਾਣੀ ਸੁਣਾਉਂਦੀ ਹੈ, ਕਿਵੇਂ ਰਾਣੀ ਨੇ ਮਰਨ ਲੱਗਿਆ ਰਾਜੇ ਤੋਂ ਪ੍ਰਣ-ਮੰਗਿਆ, ਪਰ ਰਾਣੀ ਦੇ ਮਰਨ ਤੋਂ ਬਾਅਦ ਰਾਜਾ ਕੀ ਕਰਦਾ ਹੈ?

(A) ਉਦਾਸ ਹੋਕੇ ਤੀਰਥਾਂ ਉੱਤੇ ਚਲਾ ਜਾਂਦਾ ਹੈ।

(B) ਰਾਜਾ ਬ੍ਰਾਹਮਣ ਨੂੰ ਦਾਨ ਦੱਛਣਾ ਦੇ ਛੱਡਦਾ ਹੈ।

(C) ਦੂਜਾ ਵਿਆਹ ਕਰਵਾ ਲੈਂਦਾ ਹੈ।

(D) ਪ੍ਰਾਣ ਤਿਆਗ ਦਿੰਦਾ ਹੈ।

12 ਜੰਗ ਦੇ ਮੈਦਾਨ ਵਿੱਚ ਚਿੱਟੇ ਝੰਡੇ ਦਾ ਕੀ ਮਤਲਬ ਹੁੰਦਾ ਹੈ? ਭਾਈ ਕਨਹਈਆ ਇਕਾਂਗੀ ਦੇ ਹਵਾਲੇ ਨਾਲ ਲਿਖੋ।

(A) ਯੁੱਧ-ਬੰਦੀ (B) ਸੇਵਾ ਕਰਨਾ

(C) ਸ਼ਾਂਤੀ ਅਤੇ ਅਹਿੰਸਾ (D) ਹੌਂਸਲਾ

13 ਗੁਰਦੁਆਰਾ ਕੇਸਗੜ੍ਹ ਕਿੱਥੇ ਹੈ ?

(A) ਸਰਹੰਦ (B) ਅੰਬਾਲਾ

(C) ਪਟਿਆਲਾ (D) ਆਨੰਦਪੁਰ ਸਾਹਿਬ



Unnati Educations
9899436384, 9654279279

14 ਭਾਈ ਘਨਹਈਆ ਜੀ ਕੌਣ ਸਨ?

(A) ਗੁਰਦੁਆਰੇ ਦੇ ਸੇਵਾਦਾਰ

(B) ਕਿਸਾਨ

(C) ਪੁਲਿਸ ਦੇ ਸਿਪਾਹੀ

(D) ਗੁਰੂ ਗੋਬਿੰਦ ਸਿੰਘ ਜੀ ਦੀਆਂ ਫੌਜਾਂ ਦੇ ਸੇਵਾਦਾਰ

15 ਭੰਗੜਾ ਕਿੱਥੋਂ ਦਾ ਮੁੱਖ ਨਾਚ ਹੈ :

(A) ਬਿਹਾਰ (B) ਆਸਾਮ

(C) ਗੁਜਰਾਤ (D) ਪੰਜਾਬ

16 ਗੁਰਮੁਖੀ ਵਰਣਮਾਲਾ ਦੇ 35 ਅੱਖਰਾਂ ਨੂੰ ਵਰਤਮਾਨ ਵਿੱਚ ਵਧਾਕੇ ਕਿੰਨੇ ਅੱਖਰ ਵਰਤੇ ਜਾਂਦੇ ਹਨ?

(A) 36 (B) 40

(C) 41 (D) 42

17 ਹੇਠ ਲਿਖੇ ਚਾਰ ਵਿਕਲਪਾਂ ਵਿੱਚੋਂ ਸਹੀ ਵਿਕਲਪ ਚੁਣਕੇ ਆਪਣੀ ਉੱਤਰ ਪੁਸਤਕਾਂ ਵਿੱਚ ਲਿਖੋ।

'ਸੁੱਤੀ ਕਲਾ ਜਗਾਉਣੀ'

(A) ਧਿਆਨ ਦਿਵਾਉਂਣਾ । (B) ਨਿਸ਼ਚਿਤ ਹੋਕੇ ਸੌਣਾ ।

(C) ਮੁੜ-ਮੁੜ ਗੱਲ ਦੁਹਰਾਉਣੀ । (D) ਮੁੱਕ-ਚੁੱਕੇ ਝਗੜੇ ਫੇਰ ਖੜੇ ਕਰਨਾ।

18 ਹੇਠ ਲਿਖੇ ਵਿਕਲਪਾਂ ਵਿੱਚੋਂ ਸ਼ਬਦ ਦਾ ਸਹੀ ਵਿਰੋਧੀ ਅਰਥ ਦੇਣ ਵਾਲਾ ਸ਼ਬਦ ਚੁਣਕੇ ਲਿਖੋ:

'ਪਰਬਤ'

(A) ਟਿੱਬਾ (B) ਨਦੀ

(C) ਪਹਾੜ (D) ਮੈਦਾਨ



Unnati Educations
9899436384, 9654279279

ਨੋਟ : ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਆਪਣੀ ਪਾਠ-ਪੁਸਤਕ ਦੇ ਪਾਠਾਂ ਦੇ ਆਧਾਰ ਤੇ 30-40 ਸ਼ਬਦਾਂ ਵਿੱਚ ਲਿਖੋ : **2×10=20**

**19** (a) ਭਗਤ ਰਵਿਦਾਸ ਜੀ ਨੇ ਕਿਹੜੀਆਂ ਪੂਜਾ ਵਿਧੀਆਂ ਦਾ ਖੰਡਨ ਕੀਤਾ ਹੈ?

ਇਸ ਸ਼ਲੋਕ ਵਿੱਚ ਬਾਬਾ ਫਰੀਦ ਜੀ ਕਿਸ ਗੱਲ ਉੱਤੇ ਵਿਅੰਗ ਕੱਸ ਰਹੇ ਹਨ ?

(b) ਗੁਰੂ ਨਾਨਕ ਦੇਵ ਜੀ ਨੇ ਮਨੁੱਖ ਨੂੰ ਕਿਹੜੇ ਗੁਣਾਂ ਨੂੰ ਧਾਰਨ ਕਰਨ ਦਾ ਉਪਦੇਸ਼ ਦਿੱਤਾ ਹੈ ?

(c) ਸ:ਗੁਰਬਖਸ਼ ਸਿੰਘ ਪ੍ਰੀਤ ਬੇੜੀ ਅਨੁਸਾਰ ਉਨਹਾਂ ਦੀ ਦਾਦੀ ਜੀ ਨੂੰ ਅਨਪੜ ਹੋਣ ਦੇ ਬਾਵਜੂਦ ਕੀ ਕੁਝ ਜੁਬਾਨੀ ਯਾਦ ਸੀ?

(d) ਲੋਕ ਧਾਰਾ ਵਿਗਿਆਨੀ, ਗਿੱਧੇ ਨੂੰ ਧਰਤੀ ਮਾਤਾ ਦੀ ਪੂਜਾ ਦਾ ਲੋਕ ਨਾਚ ਮੰਨਦੇ ਹਨ, ਗਿੱਧੇ ਬਾਰੇ 30-40 ਸ਼ਬਦਾਂ ਵਿੱਚ ਲਿਖੋ :

(e) "ਸਿਰਫ਼ ਇੱਕ ਵਾਰ। ਵਹਾਂ ਲੰਗਰ ਵਿੱਚ ਮੈ ਬੈਠ ਕਰ ਖਾਣਾ ਖਾਇਆ, ਸਭ ਏਕ ਕਤਾਰ ਮੇ ਬੈਠ ਕਰ ਖਾਤੇ ਹੈ, ਉੱਚੀ ਜਾਤ ਵਾਲੇ ਭੀ ਔਰ ਨੀਚੀ ਜਾਤ ਵਾਲੇ ਵੀ।" ਇਹ ਵਾਕ ਕਿਸ ਪ੍ਰਸੰਗ ਵਿੱਚ ਕਿਸ ਨੇ ਕਿਸ ਨੂੰ ਕਿਹਾ।

(f) ਲਿਖਤੀ ਵਿਗਿਆਪਨਾਂ ਦੀ ਅੱਜ ਦੇ ਯੁੱਗ ਵਿੱਚ ਕੀ ਅਹਿਮੀਅਤ ਹੈ ?

(g) ਪੇਮੀ ਦੇ ਨਿਆਣੇ' ਕਹਾਣੀ ਵਿੱਚ ਭਰਾ ਅਤੇ ਭੈਣ ਨੂੰ ਹਰ ਰੋਜ਼ ਕਿੱਥੇ ਜਾਣਾ ਪੈਂਦਾ ਸੀ ਅਤੇ ਕਿਉਂ ?

(h) 'ਕੁਲਫ਼ੀ' ਕਹਾਣੀ ਦੇ ਕਹਾਣੀਕਾਰ ਅਨੁਸਾਰ ਘੱਟ ਤਨਖਾਹ ਦੇ ਵਿਰੁੱਧ ਕਿਰਤੀ ਆਪਣੀ ਆਵਾਜ਼ ਕਿਉਂ ਨਹੀਂ ਬੁਲੰਦ ਕਰਦੇ?

(i) ਬਾਬਾ ਨਾਨਕ ਭਰਮਣ ਕਰਦੇ ਹੋਏ ਕਿਸ ਥਾਂ ਉੱਤੇ ਪਹੁੰਚੇ? ਪਹਾੜ ਉੱਤੇ ਕੁਟੀਆਂ ਵਿੱਚ ਕੌਣ ਰਹਿੰਦਾ ਸੀ?

(j) ਬਲਰਾਜ ਸਾਹਨੀ ਕਲਕੱਤੇ ਤੋਂ ਬੰਬਈ ਆਕੇ ਆਰਾਮ ਕਿਉਂ ਕਰਨਾ ਚਾਹੁੰਦਾ ਸੀ ਅਤੇ ਮਿਲਣ ਆਏ ਲੋਕਾਂ ਨੂੰ ਪਸੰਦ ਕਿਉਂ ਨਹੀ ਸੀ ਕਰਦਾ? ਅਥਰੂ ਤਾਇਰੀ ਦੇ ਹਵਾਲੇ ਨਾਲ ਲਿਖੋ।



Unnati Educations
9899436384, 9654279279

**20** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 100-125 ਸ਼ਬਦਾਂ ਵਿੱਚ ਲਿਖੋ : **3×5=15**

(a) ਸ:ਗੁਰਬਖਸ਼ ਸਿੰਘ ਪ੍ਰੀਤ ਲੜੀ ਅਨੁਸਾਰ 'ਅਹਿੰਸਾ' ਬਾਰੇ ਲਿਖੀਆਂ ਗੱਲਾਂ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ ।

(b) 'ਭਾਈ ਘਨਹਈਆ ਜੀ ਇਕਾਂਗੀ' ਦੇ ਹਵਾਲੇ ਨਾਲ ਭਾਈ ਘਨਹਈਆ ਜੀ ਬਾਰੇ ਲਿਖੋ।

(c) ਵਿਸਾਖੀ ਦੇ ਤਿਉਹਾਰ ਦਾ ਇਤਿਹਾਸਕ ਅਤੇ ਧਾਰਮਿਕ ਦੋਹਾਂ ਪੱਖਾਂ ਤੋਂ ਕੀ ਮਹੱਤਵ ਹੈ?

**21** ਹੇਠ ਲਿਖੇ ਪ੍ਰਸ਼ਨਾ ਦੇ ਉੱਤਰ 150-175 ਸ਼ਬਦਾਂ ਵਿੱਚ ਲਿਖੋ : **8×2=16**

(a) ਕਵੀ ਫਿਰੋਜਦੀਨ ਸ਼ਰਫ਼ 'ਪੰਜਾਬ' ਕਵਿਤਾ ਵਿੱਚ ਪੰਜਾਬ ਨੂੰ ਖੂਬਸੂਰਤ ਧਰਤੀ ਦੀ ਸੰਗਿਆ ਦਿੰਦਾ ਹੈ। ਇਸ ਬਾਰੇ ਆਪਣੀ ਟਿੱਪਣੀ ਕਰੋ।

(b) ਪੰਜਾਬੀ ਪ੍ਰਿੰਟ ਮੀਡੀਆਂ ਦੀ ਮੁੱਖ ਸਮੱਸਿਆਵਾਂ ਬਾਰੇ ਅਤੇ ਉਹਨਾਂ ਦੇ ਹੱਲ ਬਾਰੇ ਲਿਖੋ ।

**22** ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਉੱਤੇ ਲਗਭਗ 200 ਸ਼ਬਦਾਂ ਦਾ ਇੱਕ ਭਾਵਪੂਰਕ ਲੇਖ ਲਿਖੋ : **10**

(a) ਮਿਠਤੁ ਨੀਵੀਂ ਨਾਨਕਾ ਗੁਣ ਚੰਗਿਆਈਆਂ ਤਤੁ ।

(b) ਭਾਰਤ ਵਿੱਚ ਬੇਰੁਜ਼ਗਾਰੀ ਦੀ ਸਮੱਸਿਆ।

(c) ਜੇ ਮੈਂ ਪ੍ਰਧਾਨ ਹੁੰਦਾ ?

(d) ਭ੍ਰਿਸ਼ਟਾਚਾਰ ਸਮਾਜ ਵਿੱਚ ਕੋਹੜ ।

**23** ਤੁਹਾਡੇ ਇਲਾਕੇ ਵਿੱਚ ਬਿਜਲੀ ਲਗਾਤਾਰ ਕਈ ਘੰਟੇ ਨਹੀਂ ਆ ਰਹੀ। ਇਸਦੀ ਸੂਚਨਾਂ ਦਿੰਦੇ ਹੋਏ, ਇਸ ਦੇ ਹੱਲ ਲਈ ਇਲਾਕੇ ਦੇ ਬਿਜਲੀ ਮੈਨੇਜਰ ਨੂੰ ਬੇਨਤੀ ਪੱਤਰ ਲਿਖੋ।

ਜਾਂ

ਨਗਰ ਨਿਗਮ ਦੇ ਸਿਹਤ ਅਧਿਕਾਰੀ ਨੂੰ ਸਫਾਈ ਦੀ ਮਾੜੀ ਹਾਲਤ ਬਾਰੇ ਦੱਸੋ ਅਤੇ ਇਸਦੇ ਛੇਤੀ ਤੋਂ ਛੇਤੀ ਇਲਾਜ ਲਈ ਲਿਖੋ।



**Unnati Educations**
**9899436384, 9654279279**

## ਵਿੱਕਲਪ - II (ਅਨੁਵਾਦ)

24 (a) ਹਿੰਦੀ ਸਿਨੇਮਾਂ ਵਿੱਚ ਜਿਹੜੀਆਂ ਪੰਜਾਬੀ ਹਸਤੀਆਂ ਕਾਰਜਸ਼ੀਲ ਰਹੀਆ ਹਨ,ਉਹ ਤਾਂ 20 ਤੋਂ ਵੀ ਵੱਧ ਹਨ, ਪਰ ਉਹਨਾਂ ਵਿੱਚ ਕੋਈ 10 ਦੇ ਨਾਂ ਲਿਖੋ।

(b) ਗੁਰਦਾਸਮਾਨ ਪੜਿਆ ਲਿਖਿਆ ਗੀਤਕਾਰ ਹੈ।ਉਸ ਦੀ ਗਾਇਕੀ ਬਾਰੇ ਇੱਕ ਨੋਟ ਲਿਖੋ।

(c) ਸ:ਗੁਰਸ਼ਰਨ ਸਿੰਘ ਦੀ ਪੰਜਾਬੀ ਨਾਟਕ ਅਤੇ ਰੰਗਮੰਚ ਨੂੰ ਦੇਣ ਬਾਰੇ ਇੱਕ ਨੋਟ ਲਿਖੋ।

## ਵਿੱਕਲਪ - II (ਪੰਜਾਬੀ ਸਿਨੇਮਾ)

(a) ਹਿੰਦੀ ਸਿਨੇਮਾ ਵਿੱਚ ਜਿਹੜੀਆਂ ਪੰਜਾਬੀ ਹਸਤੀਆਂ ਕਾਰਜਸ਼ੀਲ ਰਹੀਆਂ, ਉਨ੍ਹਾਂ ਵਿੱਚ ਕੋਈ 20 ਹਸਤੀਆਂ ਦੇ ਨਾਂ ਲਿਖੋ ।

(b) ਪਰਵਾਸੀ ਪੰਜਾਬੀਆਂ ਬਾਰੇ ਬਣੀ ਫਿਲਮ "ਜੀ ਆਇਆਂ ਨੂੰ" ਬਾਰੇ ਇੱਕ ਪੈਰਾ ਲਿਖੋ ।

(c) ਕਿਹਾ ਜਾਂਦਾ ਹੈ ਕਿ ਗੁਰਦਾਸਮਾਨ ਸੂਫੀ ਪਰੰਪਰਾ ਨੂੰ ਆਧੁਨਿਕ ਸਮਿਆਂ ਵਿੱਚ ਜਿਉਂਦਾ ਰੱਖਣ ਵਾਲਾ ਗਾਇਕ ਹੈ । ਉਸ ਬਾਰੇ ਇੱਕ ਪੈਰਾ ਲਿਖੋ ।

---



Unnati Educations
9899436384, 9654279279

Blank Page



Unnati Educations
9899436384, 9654279279